Roll No.

P-212201

M.A. Punjabi Semester 1-2

Paper-201

Punjabi Vartak : Sidhant,Itihas ate Parivartan

Regular-May-2019

Time-3 hrs M.M. 70

ਕੋਈ ਇਕ ਪ੍ਰਸ਼ਨ ਕਰੋ: ਭਾਗ ਪਹਿਲਾ

1. ਪੰਜਾਬੀ ਵਾਰਤਕ ਦੇ ਜਨਮ ਤੇ ਵਿਕਾਸ ਤੇ ਨੋਟ ਲਿਖੋ। 14
2. ਸਾਹਿਤ ਵਿਧਾ ਵਾਰਤਕ ਦੇ ਸਿਧਾਂਤਕ ਪੱਖਾਂ ਬਾਰੇ ਚਰਚਾ ਕਰੋ।

ਕੋਈ ਤਿੰਨ ਪ੍ਰਸ਼ਨ ਕਰੋ: ਭਾਗ ਦੂਜਾ

3. ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਕਿਹੋ ਜਿਹਾ ਬਿੰਬ ਉਭਰਦਾ ਹੈ?
4. 'ਖਾਨਾਬਦੋਸ਼' ਵਿਚ ਲੇਖਿਕਾ ਦੇ ਜੀਵਨ ਦੇ ਕਿਹੜੇ ਵਿਭਿੰਨ ਪੱਖ ਪੇਸ਼ ਹੁੰਦੇ ਹਨ?
5. ਮੇਰੀਆਂ ਅਭੁੱਲ ਯਾਦਾਂ ਵਿਚ ਉਸ ਸਮੇਂ ਦੇ ਸਮਾਜ ਦੀ ਕਿਹੋ ਜਿਹੀ ਤਸਵੀਰ ਉਘੜਦੀ ਹੈ?
6. ਪੁਰਾਤਨ ਜਨਮ ਸਾਖੀ,ਮੇਰੀਆਂ ਅਭੁੱਲ ਯਾਦਾਂ ਤੇ ਖਾਨਾਬਦੋਸ਼ ਪੁਸਤਕਾਂ ਵਿਚੋਂ ਕਿਸੇ ਇਕ ਪੁਸਤਕ ਦੇ ਸਾਹਿਤਕ ਮਹੱਤਵ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ। 14x3=42

ਛੋਟੇ ਉੱਤਰਾਂ ਵਾਲੇ ਪ੍ਰਸ਼ਨ ਭਾਗ ਤੀਜਾ

7. ੳ. 'ਖਾਨਾਬਦੋਸ਼' ਤੋਂ ਇਲਾਵਾ ਦੋ ਪ੍ਰਸਿੱਧ ਸਵੈਜੀਵਨੀਆਂ ਦੇ ਨਾਮ ਲਿਖੋ।

ਅ. ਦੋ ਪ੍ਰਸਿੱਧ ਸਫ਼ਰਨਾਮਿਆਂ ਦੇ ਨਾਮ ਲਿਖੋ।

ੲ. ਜੀਵਨੀ ਦਾ ਮੁੱਖ ਪਾਤਰ ਕੌਣ ਹੋ ਸਕਦਾ ਹੈ ?

ਸ. ਪੰਜਾਬੀ ਰੇਖਾ ਚਿੱਤਰਾਂ ਦੀਆਂ ਦੋ ਪੁਸਤਕਾਂ ਦੇ ਨਾਮ ਲਿਖੋ।

ਹ. ਨਿਬੰਧ ਵਿਚ ਸਭ ਤੋਂ ਪ੍ਰਮੁੱਖ ਤੱਤ ਕਿਹੜਾ ਮੰਨਿਆਂ ਜਾਂਦਾ ਹੈ?

ਕ. ਸੰਸਮਰਣ ਸਾਹਿਤ ਰੂਪ ਦੀ ਪ੍ਰੀਭਾਸ਼ਾ ਦਿਉ।

ਖ 'ਖਾਨਾਬਦੋਸ਼' ਵਿਚ ਲੇਖਿਕਾ ਨੇ ਖਾਨਾਬਦੋਸ਼ ਕਿਸਨੂੰ ਤੇ ਕਿਉਂ ਕਿਹਾ ਹੈ? 7x2=14

Scanned by TapScanner

P-212201

Roll No.........

M.A. Punjabi Sem-1 -2

Paper-201

Punjabi Vartak:Sidhant,Itihas ate Parvirtian

NCWEB_May 2019

Time 3 hrs

M.M.100

**ਕੋਈ ਇਕ ਪ੍ਰਸ਼ਨ ਕਰੋ** **ਭਾਗ ਪਹਿਲਾ**

1. ਸਵੈਜੀਵਨੀ ਜਾਂ ਰੇਖਾ ਚਿੱਤਰ ਵਿਚੋਂ ਕਿਸੇ ਇਕ ਦੇ ਸਿਧਾਂਤਕ ਪੱਖ ਬਾਰੇ ਚਰਚਾ ਕਰੋ।
2. ਆਧੁਨਿਕ ਪੰਜਾਬੀ ਵਾਰਤਕ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਜਾਣਕਾਰੀ ਦਿਉ। 20

**ਕੋਈ ਤਿੰਨ ਪ੍ਰਸ਼ਨ ਕਰੋ** **ਭਾਗ ਦੂਜਾ**

3. 'ਪੁਰਾਤਨ ਜਨਮ ਸਾਖੀ' ਦੀਆਂ ਬਿਰਤਾਂਤਕ ਵਿਸ਼ੇਸ਼ਤਾਵਾਂ ਬਿਆਨ ਕਰੋ।
4. 'ਖਾਨਾਬਦੋਸ਼' ਦੇ ਆਧਾਰ ਤੇ ਭਾਰਤੀ ਔਰਤ ਨੂੰ ਦਰਪੇਸ਼ ਮੁੱਖ ਸਮੱਸਿਆਵਾਂ ਬਾਰੇ ਚਰਚਾ ਕਰੋ।
5. 'ਮੇਰੀਆਂ ਅਭੁੱਲ ਯਾਦਾਂ' ਵਿਚੋਂ ਕੋਈ ਪੰਜ ਯਾਦਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
6. 'ਪੁਰਾਤਨ ਜਨਮ ਸਾਖੀ' ਜਾਂ 'ਖਾਨਾਬਦੋਸ਼' ਪੁਸਤਕ ਦੀਆਂ ਵਿਸ਼ਾਗਤ ਖੂਬੀਆਂ ਤੋਂ ਜਾਣੂ ਕਰਾਉ।

20x3=60

7. **ਛੋਟੇ ਉੱਤਰਾਂ ਵਾਲੇ ਪ੍ਰਸ਼ਨ** **ਭਾਗ ਤੀਜਾ**

ੳ.ਮੱਧਕਾਲੀਨਤਾ ਅਤੇ ਆਧੁਨਿਕਤਾ ਵਿਚ ਕੀ ਅੰਤਰ ਹੈ?

ਅ.ਜੀਵਨੀ ਸਾਹਿਤ ਵਿਧਾ ਦੇ ਪ੍ਰਮੁੱਖ ਲੱਛਣ ਦੱਸੋ।

ੲ.ਨਿਬੰਧ ਦੇ ਪ੍ਰਮੁੱਖ ਤੱਤ ਕਿਹੜੇ ਹਨ?

ਸ.ਬਿਰਤਾਂਤ ਤੋਂ ਕੀ ਭਾਵ ਹੈ?

ਹ.ਪੁਰਾਤਨ ਜਨਮ ਸਾਖੀ ਦੀ ਭਾਸ਼ਾ ਸ਼ੈਲੀ ਉੱਪਰ ਨੋਟ ਲਿਖੋ। 5x4=20

Scanned by TapScanner

Unique Code : 212202

Roll No:...........

**M.A. (Punjabi) Sem. I-2**
**Course No-202**
**Paper: Punjabi Lokdhara te Sabhiachar : Sidhant, Itihas ate Parvirtian**
**(Admission of 2009& onwards)**
**(Regular)**
**(May 2019)**

**Time : 3 Hours** **Maximum Marks : 70**

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ ।

## ਭਾਗ ਪਹਿਲਾ

1. ਲੋਕਧਾਰਾ ਤੋਂ ਕੀ ਭਾਵ ਹੈ? ਇਸ ਦੇ ਪ੍ਰਮੁੱਖ ਤੱਤਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

ਸਭਿਆਚਾਰ ਅਤੇ ਲੋਕਧਾਰਾ ਦੇ ਅੰਤਰ ਸੰਬੰਧਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ । 14 x 1 = 14

## ਭਾਗ ਦੂਜਾ

2 ਸਭਿਆਚਾਰ ਨੂੰ ਪਰਿਭਾਸ਼ਤ ਕਰਦੇ ਹੋਏ, ਇਸ ਦੀ ਪ੍ਰਕਿਰਤੀ ਬਾਰੇ ਵਿਸਤ੍ਰਿਤ ਨੋਟ ਲਿਖੋ ।

ਜਾਂ

ਸਭਿਆਚਾਰਕ ਰੂਪਾਂਤਰਣ ਤੋਂ ਕੀ ਭਾਵ ਹੈ? ਇਸ ਦੇ ਪ੍ਰਮੁੱਖ ਕਾਰਣਾਂ ਬਾਰੇ ਜਾਣਕਾਰੀ ਦਿਓ ।
14 x 1 = 14

## ਭਾਗ ਤੀਜਾ

3. ਲੋਕ ਨਾਚ ਤੋਂ ਕੀ ਭਾਵ ਹੈ? ਪੰਜਾਬ ਦੇ ਲੋਕ ਨਾਚਾਂ ਨਾਲ ਵਿਸਤ੍ਰਿਤ ਜਾਣ-ਪਛਾਣ ਕਰਵਾਓ

ਜਾਂ

ਪੰਜਾਬੀਆਂ ਦੇ ਪ੍ਰਮੁੱਖ ਮੇਲੇ ਅਤੇ ਤਿਉਹਾਰ ਕਿਹੜੇ-ਕਿਹੜੇ ਹਨ ? ਇਨ੍ਹਾਂ ਦੇ ਸਭਿਆਚਾਰਕ ਮਹੱਤਵ ਬਾਰੇ ਜਾਣਕਾਰੀ ਦਿਓ।
14 x 1 = 14



Scanned by TapScanner

## ਭਾਗ ਚੌਥਾ

4. ਲੋਕਗੀਤ ਨੂੰ ਪਰਿਭਾਸ਼ਤ ਕਰਦਿਆਂ, ਪੰਜਾਬੀ ਲੋਕਗੀਤਾਂ ਦਾ ਵਰਗੀਕਰਣ ਕਰੋ ।

ਜਾਂ

ਪੰਜਾਬੀ ਸਭਿਆਚਾਰ ਦੀ ਇਤਿਹਾਸਕ ਵਿਕਾਸ-ਰੇਖਾ ਬਿਆਨ ਕਰੋ। 14 x 1 = 14

## ਭਾਗ ਪੰਜਵਾਂ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਅਤੇ ਸਪੱਸ਼ਟ ਉੱਤਰ ਦਿਓ :

ੳ) ਸਭਿਆਚਾਰ ਵਿਗਿਆਨ ਤੋਂ ਕੀ ਭਾਵ ਹੈ ?
ਅ) ਪੰਜਾਬ ਦੀਆਂ ਪ੍ਰਮੁੱਖ ਲੋਕ ਕਲਾਵਾਂ ਕਿਹੜੀਆਂ-ਕਿਹੜੀਆਂ ਹਨ ?
ੲ) ਪੰਜਾਬੀ ਲੋਕ-ਨਾਟ ਦੀਆਂ ਚਾਰ ਪ੍ਰਮੁੱਖ ਵੰਨਗੀਆਂ ਦੇ ਨਾਂ ਦੱਸੋ ?
ਸ) ਪੰਜਾਬੀ ਸਾਕਾਚਾਰੀ ਪ੍ਰਬੰਧ ਦੇ ਕੋਈ ਅੱਠ ਰਿਸ਼ਤਿਆਂ ਦੇ ਨਾਂ ਦੱਸੋ ?
ਹ) ਕੋਈ ਦੋ ਲੋਕ-ਖੇਡਾਂ ਦੇ ਨਾਂ ਲਿਖੋ?
ਕ) ਪੰਜਾਬੀ ਸਭਿਆਚਾਰ ਦੇ ਚਾਰ ਪ੍ਰਮੁੱਖ ਪਛਾਣ ਚਿੰਨ੍ਹ ਕਿਹੜੇ-ਕਿਹੜੇ ਹਨ ? 02 x 7 = 14
ਖ) ਲੋਕ ਕਥਾ ਦੀਆਂ ਕੋਈ ਚਾਰ ਪ੍ਰਮੁੱਖ ਕਿਸਮਾਂ ਦੇ ਨਾਂ ਲਿਖੋ ।



Scanned by TapScanner

Unique Code : 212202

Roll No:.........

M.A. (Punjabi) Sem. I-2

Course No-202

Paper: Punjabi Lokdhara te Sabhiachar : Sidhant, Itihas ate Parvirtian

(Admission of 2009& onwards)

(NCWEB)

(May 2019)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ:100

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ:-

## ਭਾਗ ਪਹਿਲਾ

1. ਲੋਕਧਾਰਾ ਨੂੰ ਪਰਿਭਾਸ਼ਤ ਕਰਦਿਆਂ, ਇਸ ਦੇ ਖੇਤਰ ਨਾਲ ਜਾਣ-ਪਛਾਣ ਕਰਵਾਓ ।

ਜਾਂ

ਲੋਕਧਾਰਾ ਅਤੇ ਸਾਹਿਤ ਦੇ ਅੰਤਰ-ਸੰਬੰਧਾਂ ਬਾਰੇ ਚਰਚਾ ਕਰੋ । 20

## ਭਾਗ ਦੂਜਾ

2. ਸਭਿਆਚਾਰ ਕੀ ਹੁੰਦਾ ਹੈ? ਇਸ ਦੇ ਪ੍ਰਮੁੱਖ ਅੰਗ ਕਿਹੜੇ-ਕਿਹੜੇ ਹਨ? ਵਿਸਤ੍ਰਿਤ ਨੋਟ ਲਿਖੋ।

ਜਾਂ

ਸਭਿਆਚਾਰ ਵਿਗਿਆਨ ਨੂੰ ਪਰਿਭਾਸ਼ਤ ਕਰਦਿਆਂ, ਇਸ ਬਾਰੇ ਵਿਸਤਾਰਪੂਰਵਕ ਚਰਚਾ ਕਰੋ। 20

Scanned by TapScanner

## ਭਾਗ ਤੀਜਾ

3. ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਪੰਜਾਬੀ ਰਸਮਾਂ-ਰੀਤਾਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿਓ ।

ਜਾਂ

ਪੰਜਾਬੀ ਲੋਕ ਕਲਾ ਦੇ ਵਿਭਿੰਨ ਰੂਪਾਂ ਨਾਲ ਜਾਣ-ਪਛਾਣ ਕਰਵਾਓ । 20

## ਭਾਗ ਚੌਥਾ

4. ਲੋਕ ਕਥਾ ਨੂੰ ਪਰਿਭਾਸ਼ਤ ਕਰਦਿਆਂ, ਪੰਜਾਬੀ ਲੋਕ ਕਹਾਣੀਆਂ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

ਜਾਂ

ਲੋਕ ਨਾਟ ਤੋਂ ਕੀ ਭਾਵ ਹੈ? ਪੰਜਾਬੀ ਲੋਕ-ਨਾਟ ਰੂਪ 'ਨਕਲਾਂ' ਅਤੇ 'ਰਾਸਾਂ' ਬਾਰੇ ਆਪਣੇ ਵਿਚਾਰ ਪੇਸ਼ ਕਰੋ । 20

## ਭਾਗ ਪੰਜਵਾਂ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:

(ੳ) ਲੋਕਧਾਰਾ ਦੇ ਕੋਈ ਚਾਰ ਤੱਤਾਂ ਦੇ ਨਾਂ ਦੱਸੋ ?
(ਅ) ਸਭਿਆਚਾਰਕ ਰੂਪਾਂਤਰਣ ਤੋਂ ਕੀ ਭਾਵ ਹੈ ?
(ੲ) ਲੋਕ ਨਾਚ ਸੰਮੀ ਬਾਰੇ ਟਿੱਪਣੀ ਕਰੋ ।
(ਸ) ਛਪਾਰ ਦਾ ਮੇਲਾ ਕਿੱਥੇ ਅਤੇ ਕਿਉਂ ਲਗਦਾ ਹੈ?
(ਹ) ਪੰਜਾਬੀ ਸੱਭਿਆਚਾਰ ਦੇ ਚਾਰ ਪ੍ਰਮੁੱਖ ਪਛਾਣ ਚਿੰਨ੍ਹ ਕਿਹੜੇ ਕਿਹੜੇ ਹਨ? $5\times4=20$

Scanned by TapScanner

212203(i)

Roll No.........

M.A. Semester. I-II
Punjabi Course No. 203 (i)
Paper:Tulnatmak Vishav Sahit: Sidhant, Itihas te Parvirtian
(Admission of 2009 & Onwards)
Regular
May 2019

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ:** ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

ਹੇਠ ਲਿਖਿਆਂ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਲਿਖੋ:-

1. ਤੁਲਨਾਤਮਕ ਸਾਹਿਤ ਅਤੇ ਇਸਦੇ ਅਧਿਐਨ ਦੇ ਇਤਿਹਾਸਕ ਵਿਕਾਸਕ੍ਰਮ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।
   ਪੱਛਮੀ ਆਲੋਚਨਾ ਸ਼ਾਸਤਰ ਦੀਆਂ ਪ੍ਰਮੁੱਖ ਸਥਾਪਨਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 1X14=14

**ਭਾਗ ਦੂਜਾ**

ਹੇਠ ਲਿਖਿਆਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦਾ ਉਤਰ ਲਿਖੋ:-

2. 'ਰਾਜਾ ਇਡੀਪਸ' ਨਾਟਕ ਦੇ ਅਧਾਰ 'ਤੇ ਸੋਫ਼ੋਕਲੀਜ਼ ਦੀ ਨਾਟ-ਕਲਾ ਬਾਰੇ ਇਕ ਵਿਸਥਾਰਪੂਰਵਕ ਨੋਟ ਲਿਖੋ ।
3. ਨਾਵਲ 'ਸਿਧਾਰਥ' ਦੇ ਨਾਇਕ ਦੀ ਸਵੈ-ਤਲਾਸ਼ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
4. 'ਚੈਖ਼ੋਵ ਦੀਆਂ ਕਹਾਣੀਆਂ' ਦੀ ਬਿਰਤਾਂਤ-ਸ਼ਾਸਤਰੀ ਪੜ੍ਹਤ ਪ੍ਰਸਤੁਤ ਕਰੋ। 2X14=28

**ਭਾਗ ਤੀਜਾ**

5. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਕਰੋ:-
   ਮੁਖੌਟਾ, ਕੁੱਤੇ ਵਾਲੀ ਮਹਿਲਾ, ਇਕ ਕਲਰਕ ਦੀ ਮੌਤ 1X14=14

**ਭਾਗ ਚੌਥਾ**

6. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:-
   ੳ. ਤੁਲਨਾਤਮਕ ਸਾਹਿਤ ਨਾਲ ਸੰਬੰਧਤ ਅਧਿਐਨ ਸਕੂਲਾਂ ਦੇ ਨਾਂ ਲਿਖੋ।
   ਅ. ਚਾਰ ਪੱਛਮੀ ਨਾਵਲਾਂ ਦੇ ਨਾਮ ਲਿਖੋ।
   ੲ. ਤ੍ਰਾਸਦੀ ਤੋਂ ਕੀ ਭਾਵ ਹੈ?
   ਸ. ਨਾਵਲ 'ਸਿਧਾਰਥ' ਦੀ ਪਾਤਰ ਕਮਲਾ ਬਾਰੇ ਸੰਖੇਪ ਟਿੱਪਣੀ ਲਿਖੋ।
   ਹ. ਕਹਾਣੀ 'ਇਕ ਕਲਰਕ ਦੀ ਮੌਤ' ਦੇ ਪਾਤਰ ਚੇਰਵੀਆਕੋਵ ਦੇ ਸੁਭਾਅ ਬਾਰੇ ਦੱਸੋ।
   ਕ. ਸਿਗਮੰਡ ਫਰਾਇਡ ਦੇ ਸੰਕਲਪ 'ਇਡੀਪਸ ਗੁੰਝਲ' ਬਾਰੇ ਸੰਖੇਪ ਟਿੱਪਣੀ ਲਿਖੋ।
   ਖ. ਸੋਫ਼ੋਕਲੀਜ਼ ਲਿਖਤ ਦੋ ਨਾਟਕਾਂ ਦੇ ਨਾਂ ਲਿਖੋ। 7X2=14

Scanned by TapScanner

212203(i)

Roll No.........

M.A. Semester. I-II

Punjabi Course No. 203 (i)

Paper: Tulnatmak Vishav Sahit: Sidhant, Itihas te Parvirtian

(Admission of 2009 & Onwards)

Non-Collegiate

May 2019

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 100**

**ਨੋਟ:** ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

ਹੇਠ ਲਿਖਿਆਂ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਲਿਖੋ:-

1. ਯੂਨਾਨੀ ਨਾਟ-ਪਰੰਪਰਾ ਵਿਚ ਵਿਕਸਤ ਹੋਈ ਤ੍ਰਾਸਦੀ ਅਤੇ ਮਜ਼ਾਹੀਆਂ ਨਾਟ ਪੇਸ਼ਕਾਰੀਆਂ ਬਾਰੇ ਵਿਸਤ੍ਰਿਤ ਚਰਚਾ ਕਰੋ।
   ਪੱਛਮ ਵਿਚ ਵਿਕਸਤ ਹੋਈ ਨਾਵਲ ਪਰੰਪਰਾ ਦਾ ਆਲੋਚਨਾਤਮਕ ਵਿਵਰਨ ਪੇਸ਼ ਕਰੋ। 1X20=20

**ਭਾਗ ਦੂਜਾ**

ਹੇਠ ਲਿਖਿਆਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦੇ ਉਤਰ ਲਿਖੋ:-

2. ਨਾਟਕ 'ਰਾਜਾ ਇਡੀਪਸ' ਦਾ ਮਨੋਵਿਸ਼ਲੇਸ਼ਣਾਤਮਕ ਪੱਖ ਤੋਂ ਅਧਿਐਨ ਕਰੋ।
3. ਹਰਮਨ ਹੈਸ ਰਚਿਤ ਨਾਵਲ 'ਸਿਧਾਰਥ' ਦਾ ਆਲੋਚਨਾਤਮਕ ਪੜ੍ਹਤ ਪ੍ਰਸਤੁਤ ਕਰੋ।
4. ਕਹਾਣੀ ਸੰਗ੍ਰਹਿ 'ਚੈਖ਼ੋਵ ਦੀਆਂ ਕਹਾਣੀਆਂ' ਦੇ ਅਧਾਰ 'ਤੇ ਤਤਕਾਲੀ ਰੂਸੀ ਸਮਾਜ ਦੀਆਂ ਵਿਸੰਗਤੀਆਂ ਨੂੰ ਚਰਚਾ ਦਾ ਵਿਸ਼ਾ ਬਣਾਓ। 2X20=40

**ਭਾਗ ਤੀਜਾ**

5. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਕਰੋ:- 1X20=20
   ਦੁਲਹਨ, ਗਿਰਗਿਟ, ਖੋਲ ਵਿਚ ਰਹਿੰਦਾ ਆਦਮੀ

**ਭਾਗ ਚੌਥਾ**

6. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:-
   ੳ. ਯੂਨਾਨੀ ਨਾਟਕ ਵਿਚ ਪਾਤਰਾਂ ਦੀ ਗਿਣਤੀ ਬਾਰੇ ਇਕ ਸੰਖੇਪ ਟਿੱਪਣੀ ਲਿਖੋ।
   ਅ. ਪਲੈਟੋ ਦੇ ਅਨੁਕਰਨ ਸਿਧਾਂਤ ਨੂੰ ਸਪਸ਼ਟ ਕਰੋ।
   ੲ. ਨਾਵਲ 'ਸਿਧਾਰਥ' ਦੇ ਪਾਤਰ ਵਾਸੁਦੇਵ ਬਾਰੇ ਦੱਸੋ।
   ਸ. ਨਾਟਕ 'ਰਾਜਾ ਇਡੀਪਸ' ਵਿਚ ਇਡੀਪਸ ਤੇ ਤ੍ਰੇਤੀਅਸ ਵਿਚਕਾਰ ਹੋਈ ਗੱਲਬਾਤ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
   ਹ. ਚੈਖ਼ੋਵ ਦੀ ਕਹਾਣੀ 'ਕਲਰਕ ਦੀ ਮੌਤ' ਵਿਚ ਲੇਖਕ ਨੇ ਕੀ ਕਹਿਣਾ ਚਾਹਿਆ ਹੈ। 5X4=20

Scanned by TapScanner

212203 (ii)

M.A. (Punjabi) Sem 1-2

Roll No......

Punjabi Course No-203 (ii)

Punjabi Media : Sidhant Ate Parvirtian

(Admission Of 2009 and onwards)

ਸਮਾਂ : ਤਿੰਨ ਘੰਟੇ

(Regular) May-2019

ਕੁੱਲ ਅੰਕ : 70

ਨੋਟ : ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਵਿਚੋਂ ਤਿੰਨ ਅਤੇ ਤੀਜੇ ਵਿਚੋਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ 14x1=14

1. ਜਨ ਸੰਚਾਰ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੇ ਵਿਭਿੰਨ ਮਾਧਿਅਮਾਂ ਬਾਰੇ ਚਰਚਾ ਕਰੋ। **ਜਾਂ**

ਪੰਜਾਬੀ ਪੱਤਰਕਾਰੀ ਦੀ ਵਿਕਾਸ ਰੇਖਾ ਉਲੀਕਦੇ ਹੋਏ ਇਸ ਦੇ ਵਰਤਮਾਨ ਸਰੂਪ ਉੱਤੇ ਰੌਸ਼ਨੀ ਪਾਓ।

ਭਾਗ ਦੂਜਾ (ਕੋਈ ਤਿੰਨ ਪ੍ਰਸ਼ਨ ਕਰੋ) 14x3=42

2. ਸਮਾਚਾਰ ਇਕੱਤਰੀਕਰਨ ਤੋਂ ਕੀ ਭਾਵ ਹੈ? ਇਸ ਵਿਚ ਸੰਪਾਦਕੀ ਅਮਲੇ ਦੇ ਰੋਲ ਬਾਰੇ ਚਰਚਾ ਕਰੋ।
3. ਰੇਡੀਓ ਪੱਤਰਕਾਰੀ ਤੋਂ ਕੀ ਭਾਵ ਹੈ? ਵਿਸਥਾਰ ਸਹਿਤ ਚਰਚਾ ਕਰੋ।
4. ਪੰਜਾਬੀ ਸਿਨਮਾ ਦੀ ਵਿਕਾਸ ਯਾਤਰਾ ਉੱਪਰ ਇਕ ਵਿਸਤ੍ਰਿਤ ਨੋਟ ਲਿਖੋ।
5. ਇਸ਼ਤਿਹਾਰ ਇਕ ਸੰਚਾਰ ਵਪਾਰ ਹੈ। ਇਸ ਕਥਨ ਦੀ ਪੁਸ਼ਟੀ ਆਪਣੇ ਸ਼ਬਦਾਂ ਵਿਚ ਕਰੋ।
6. ਫੀਚਰ ਲੇਖਨ ਦੀ ਤਕਨੀਕ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀਆਂ ਵੱਖ ਵੱਖ ਕਿਸਮਾਂ ਦੀ ਜਾਣਕਾਰੀ ਦਿਓ।

ਭਾਗ ਤੀਜਾ 7x2=14

7. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਕੋਈ ਦੋ ਪੰਜਾਬੀ ਸਾਹਿਤਕ ਰਸਾਲਿਆਂ ਦੇ ਨਾਮ ਲਿਖੋ।
2. ਵਾਚਨ ਮੋਨੀਟਰਿੰਗ ਕੀ ਹੁੰਦੀ ਹੈ?
3. ਪੰਜਾਬੀ ਪੱਤਰਕਾਰੀ ਦੇ ਦੋ ਮੁੱਢਲੇ ਸਰੂਪਾਂ ਦੇ ਨਾਮ ਲਿਖੋ।
4. ਖੁਸ਼ਕ ਸਮਾਚਾਰ ਤੋਂ ਕੀ ਭਾਵ ਹੈ?
5. ਕੈਸ (CAS) ਪ੍ਰਣਾਲੀ ਨੂੰ ਪਰਿਭਾਸ਼ਤ ਕਰੋ।
6. ਇਕ ਚੰਗੇ ਦੁਭਾਸ਼ੀਏ ਵਿਚ ਕਿਹੜੇ ਗੁਣ ਹੁੰਦੇ ਹਨ?
7. ਪ੍ਰਿੰਟ ਅਤੇ ਪ੍ਰਸਾਰਨ ਪੱਤਰਕਾਰੀ ਵਿਚਲੇ ਅੰਤਰ ਨੂੰ ਸਪੱਸ਼ਟ ਕਰੋ।

Scanned by TapScanner